SAVINGS

# ਇਨਵੈਸਟਮੈਂਟ ਲੋਨ

## ਆਪਣੀ ਵਿਕਾਸ ਸਮਰੱਥਾ ਵਧਾਓ



iA Financial Group



## ਕੀ ਤੁਹਾਡੇ ਕੋਲ ਜੋਖਮ ਸਹਿਣਸ਼ੀਲਤਾ ਮੁਕਾਬਲਤਨ ਉੱਚੀ ਹੈ ਅਤੇ ਤੁਸੀਂ ਲੰਬੇ ਸਮੇਂ ਵਿੱਚ ਆਪਣੇ ਇਨਵੈਸਟਮੈਂਟ ਪੋਰਟਫੋਲੀਓ ਦੇ ਮੁੱਲ ਨੂੰ ਕਾਫ਼ੀ ਵਧਾਉਣਾ ਚਾਹੁੰਦੇ ਹੋ?

ਸਾਡੇ ਕੋਲ ਤੁਹਾਡੇ ਲਈ ਆਦਰਸ਼ ਹੱਲ ਹੈ: ਇਨਵੈਸਟਮੈਂਟ ਲੋਨ।

ਜਿਵੇਂ ਕਿ ਅਕਸਰ ਕਿਹਾ ਜਾਂਦਾ ਹੈ, "ਪੈਸਾ ਕਮਾਉਣ ਲਈ ਪੈਸਾ ਲੱਗਦਾ ਹੈ!" ਸੰਖੇਪ ਵਿੱਚ ਇਨਵੈਸਟਮੈਂਟ ਲੋਨ ਦੀ ਇਹੀ ਵਿੱਤੀ ਧਾਰਨਾ ਹੈ

ਇਨਵੈਸਟਮੈਂਟ ਲੋਨ ਇੱਕ ਅਜਿਹਾ ਸਾਧਨ ਹੈ ਜੋ ਤੁਹਾਨੂੰ ਇੱਕ ਵਿੱਤੀ ਲਾਭ ਦੀ ਰਣਨੀਤੀ ਦੀ ਵਰਤੋਂ ਕਰਕੇ ਤੁਹਾਡੇ ਨਿਵੇਸ਼ਾਂ ਦੇ ਸੰਭਾਵੀ ਵਾਧੇ ਨੂੰ ਵਧਾਉਣ ਦੀ ਆਗਿਆ ਦਿੰਦਾ ਹੈ।

**ਇਨਵੈਸਟਮੈਂਟ ਕਰਨ ਲਈ ਲੋਨ ਲੈਣ ਦੇ ਫਾਇਦਿਆਂ ਵਿੱਚ ਸ਼ਾਮਲ ਹਨ:**

- ✓ ਭਵਿੱਖ ਦੇ ਬਾਜ਼ਾਰ ਦੇ ਵਾਧੇ ਦਾ ਫਾਇਦਾ ਲੈਣਾ
- ✓ ਤੁਹਾਡੀ ਦੌਲਤ ਤੇਜ਼ੀ ਨਾਲ ਵਧਾਉਣਾ
- ✓ ਤੁਹਾਡੀ ਇਨਵੈਸਟਮੈਂਟ ਪੋਰਟਫੋਲੀਓ ਵਿੱਚ ਸੁਧਾਰ ਅਤੇ ਵਿਭਿੰਨਤਾਵਾਂ ਕਰਨੀਆਂ
- ✓ ਤੁਹਾਡੀ ਲਿਕੁਡਿਟੀ ਤੱਕ ਪਹੁੰਚ ਬਣਾਈ ਰੱਖਦੇ ਹੋਏ ਆਪਣੀ ਇਨਵੈਸਟਮੈਂਟ ਨੂੰ ਵੱਧ ਤੋਂ ਵੱਧ ਕਰਨਾ
- ✓ ਸੈਗਰੇਗੇਟਡ ਫੰਡਾਂ ਦੇ ਲਾਭਾਂ ਦਾ ਫਾਇਦਾ ਲੈਣਾ
- ✓ ਵਿਆਜ ਖਰਚਿਆਂ ਦੀ ਕਟੌਤੀ ਤੋਂ ਲਾਭ ਲੈਣਾ
- ✓ ਘਟੀਆਂ ਹੋਈਆਂ ਪ੍ਰਬੰਧਨ ਫੀਸਾਂ ਦਾ ਫਾਇਦਾ ਚੁੱਕਦੇ ਹੋਏ (ਪ੍ਰੈਸਟੀਜ ਪ੍ਰੈਫਰੈਂਸ਼ਿਅਲ ਪ੍ਰਾਇਸਿੰਗ ਲਈ ਯੋਗਤਾ ਤੋਂ ਉੱਪਰ ਵਾਲਿਆਂ ਲਈ)

## ਆਓ ਦੋ ਇਨਵੈਸਟਮੈਂਟ ਉਦਾਹਰਣਾਂ ਨੂੰ ਵੇਖੀਏ:
## **ਇੱਕ ਇਨਵੈਸਟਮੈਂਟ ਲੋਨ ਦੇ ਨਾਲ ਅਤੇ ਇੱਕ ਬਿਨਾਂ।**

| | ਲੋਨ ਤੋਂ ਬਿਨਾਂ ਇਨਵੈਸਟਮੈਂਟ | ਲੋਨ ਦੇ ਨਾਲ ਇਨਵੈਸਟਮੈਂਟ |
|---|---|---|
| ਸ਼ੁਰੂਆਤੀ ਇਨਵੈਸਟਮੈਂਟ | $100.000 | $100.000 |
| **ਲੋਨ ਦੀ ਰਕਮ** | - | **$100,000** |
| **ਕੁੱਲ ਇਨਵੈਸਟਮੈਂਟ** | **$100,000** | **$200,000** |
| ਬਾਅਦ ਵਿੱਚ ਮਹੀਨਾਵਾਰ ਇਨਵੈਸਟਮੈਂਟਾਂ | $272.50 | - |
| ਮਹੀਨਾਵਾਰ ਵਿਆਜ ਦੀ ਮੁੜ ਅਦਾਇਗੀ ਚੋਂ ਟੈਕਸ ਕਟੌਤੀ ਦਾ ਲਾਭ ਘਟਾ ਕੇ | - | $272.50 |
| ਰਿਟਰਨ | 5% | 5% |
| ਲੋਨ 'ਤੇ ਵਿਆਜ ਦੀ ਦਰ | - | 5.45% |
| 15 ਸਾਲਾਂ ਬਾਅਦ ਇਨਵੈਸਟਮੈਂਟ ਦੀ ਕੀਮਤ | ਲੋਨ ਦੇ ਬਿਨਾਂ | ਲੋਨ ਦੇ ਨਾਲ |
| ਇਕੱਠੀ ਹੋਈ ਰਕਮ | $256,312 | $415,786 |
| ਲੋਨ ਦੀ ਮੁੜ ਅਦਾਇਗੀ | - | ($100,000) |
| ਇਨਵੈਸਟਮੈਂਟ ਦੀ ਕੁੱਲ ਵੈਲਯੂ | $256,312 | $315,786 |
| ਅੰਤਰ | | $59,474 |
| 15 ਸਾਲਾਂ ਬਾਅਦ ਇਨਵੈਸਟਮੈਂਟ ਡਿਸਪੋਜ਼ਿਸ਼ਨ | ਲੋਨ ਦੇ ਬਿਨਾਂ | ਲੋਨ ਦੇ ਨਾਲ |
| ਪੂੰਜੀ ਲਾਭ 'ਤੇ ਟੈਕਸ | $20,380 | $28,052 |
| ਇਨਵੈਸਟਮੈਂਟ ਦੀ ਕੁੱਲ ਵੈਲਯੂ | $235,932 | $287,734 |
| **ਅੰਤਰ** | | **$51,801** |

**ਧਾਰਨਾਵਾਂ**

**ਲੋਨ ਤੇ ਵਿਆਜ:** ਪ੍ਰਾਈਮ* + 0.75% (5.45%)
**ਅਮੋਰਟਾਈਜ਼ੇਸ਼ਨ ਦੀ ਮਿਆਦ:** 15 ਸਾਲ
**ਸੀਮਾਂਤ ਟੈਕਸ ਦਰ:** 40.00%
**ਮੁੜਭੁਗਤਾਨ ਵਿਕਲਪ:** ਸਿਰਫ਼ ਵਿਆਜ

*4.70% ਦਾ ਪ੍ਰਾਇਮ ਰੇਟ। ਇੱਥੇ ਪੇਸ਼ ਕੀਤੀਆਂ ਦਰਾਂ ਬਿਨਾਂ ਨੋਟਿਸ ਦੇ ਬਦਲਣ ਸਕਦੀਆਂ ਹਨ।

## ਲੋਨ ਦੇ ਵਿਕਲਪ

ਇਨਵੈਸਟਮੈਂਟ ਲੋਨ ਵਿੱਚ ਦੋ ਲੋਨ ਵਿਕਲਪ ਸ਼ਾਮਲ ਹੁੰਦੇ ਹਨ, ਜੋ ਕਿ ਦੋਵੇਂ ਪ੍ਰਤੀਯੋਗੀ ਕੀਮਤ ਵਾਲੇ ਹੁੰਦੇ ਹਨ ਅਤੇ ਬਿਨਾਂ ਮਾਰਜਿਨ ਕਾਲ ਦੇ ਪੇਸ਼ ਕੀਤੇ ਜਾਂਦੇ ਹਨ, ਤਾਂ ਜੋ ਤੁਸੀਂ ਆਪਣੀਆਂ ਲੋੜਾਂ ਦੇ ਆਧਾਰ 'ਤੇ ਲੋਨ ਨੂੰ ਅਨੁਕੂਲਿਤ ਕਰ ਸਕੋ।

### 100% ਲੋਨ

ਤੁਹਾਡੇ ਵੱਲੋਂ ਕੋਈ ਸ਼ੁਰੂਆਤੀ ਇਨਵੈਸਟਮੈਂਟ ਨਹੀਂ ਕੀਤੀ ਗਈ। ਸਾਰਾ ਡਿਪਾਜ਼ਿਟ ਲੋਨ ਰਾਹੀਂ ਫਾਈਨਾਂਸ ਕੀਤਾ ਜਾਵੇਗਾ ਅਤੇ ਤੁਹਾਡੇ ਵੱਲੋਂ ਕੋਈ ਸ਼ੁਰੂਆਤੀ ਡਿਪਾਜ਼ਿਟ ਦੀ ਲੋੜ ਨਹੀਂ ਹੈ।

### 1:1 ਲੋਨ

ਇਸ ਕਿਸਮ ਦੇ ਲੋਨ ਨਾਲ, $50,000 ਦਾ ਡਿਪਾਜ਼ਿਟ ਲੋਨ ਲੈਣ ਵਾਲੇ ਨੂੰ $50,000 ਦੇ ਲੋਨ ਲਈ ਯੋਗ ਬਣਾ ਦੇਵੇਗਾ, ਕੁੱਲ $100,000 ਦੀ ਇਨਵੈਸਟਮੈਂਟ ਲਈ।



| | 100% ਲੋਨ | 1:1 ਲੋਨ |
|---|---|---|
| ਸੰਪੱਤੀ ਵਜੋਂ ਇਨਵੈਸਟਮੈਂਟ ਲਈ ਇਕਰਾਰਨਾਮੇ ਦੀ ਕਿਸਮ | IAG ਸੇਵਿੰਗਸ ਅਤੇ ਰਿਟਾਇਰਮੈਂਟ ਪ੍ਰੋਗਰਾਮ ਗੈਰ-ਰਜਿਸਟਰਡ ਇਕਰਾਰਨਾਮਾ (FORLIFE ਸੀਰੀਜ਼ ਇਨਕਮ ਪੜਾਅ ਨੂੰ ਛੱਡ ਕੇ), Ecoflex ਅਤੇ Ecoflextra (ਸਿਰਫ ਕਲਾਸਿਕ ਸੀਰੀਜ਼) | |
| ਲੋਨ ਦੀ ਕਿਸਮ | ਸਿਰਫ਼ ਨਿੱਜੀ ਲੋਨ | |
| ਮੁੜਭੁਗਤਾਨ ਦੇ ਵਿਕਲਪ | ਸਿਰਫ਼ ਮਹੀਨਾਵਾਰ ਵਿਆਜ ਭੁਗਤਾਨ ਜਾਂ ਮੂਲ ਅਤੇ ਵਿਆਜ (5 ਤੋਂ 20 ਸਾਲ) | |
| ਲੋਨ ਦੀ ਮਨਜ਼ੂਰੀ ਲਈ ਲੋਨ ਤੋਂ ਵੈਲਯੂ (LV) ਦਾ ਅਧਿਕਤਮ ਅਨੁਪਾਤ | 100% | 50% |
| ਸ਼ੁਰੂਆਤੀ ਇਨਵੈਸਟਮੈਂਟ | ਤੁਹਾਡੇ ਦੁਆਰਾ ਕੋਈ ਸ਼ੁਰੂਆਤੀ ਇਨਵੈਸਟਮੈਂਟ ਨਹੀਂ ਕੀਤੀ ਗਈ | ਲੋਨ ≤ ਤੁਹਾਡੇ ਦੁਆਰਾ ਕੀਤੀ ਸ਼ੁਰੂਆਤੀ ਇਨਵੈਸਟਮੈਂਟ |
| ਘੱਟੋ ਤੋਂ ਘੱਟ ਅਤੇ ਵੱਧ ਤੋਂ ਵੱਧ ਲੋਨ | $10,000 ਤੋਂ $300,000 | |
| **ਲੋਨ ਦੀ ਰਕਮ** | **ਵਿਆਜ ਦਰ** | **ਵਿਆਜ ਦਰ** |
| $10,000 ਤੋਂ $49,999 | ਪ੍ਰਾਈਮ + 1.25% | ਪ੍ਰਾਈਮ + 0.75% |
| $50,000 ਤੋਂ $99,999 | ਪ੍ਰਾਈਮ + 1.00% | ਪ੍ਰਾਈਮ + 0.75% |
| $100,000 ਤੋਂ $300,000* | ਪ੍ਰਾਈਮ + 0.75% | ਪ੍ਰਾਈਮ + 0.75% |
| ਵਿਕਰੀ ਚਾਰਜ | ਕੋਈ ਨਹੀਂ | |
| **ਸਲਾਨਾ ਸਟੇਟਮੈਂਟ** | **ਹਾਂ, 31 ਦਸੰਬਰ ਨੂੰ** | |

* $300,000 ਤੋਂ ਵੱਧ ਲਈ ਲੋਨ ਅਰਜ਼ੀਆਂ ਸਵੀਕਾਰ ਕੀਤੀਆਂ ਜਾਣਗੀਆਂ। ਹਾਲਾਂਕਿ, ਅਸੀਂ ਵਾਧੂ ਸਹਾਇਕ ਦਸਤਾਵੇਜ਼ਾਂ ਦੀ ਬੇਨਤੀ ਕਰਨ ਦਾ ਅਧਿਕਾਰ ਰੱਖਦੇ ਹਾਂ। ਕ੍ਰੈਡਿਟ ਲਈ ਯੋਗਤਾ ਮਾਪਦੰਡ, ਲੋੜੀਂਦੇ ਦਸਤਾਵੇਜ਼ ਅਤੇ ਪ੍ਰਕਿਰਿਆ ਦਾ ਸਮਾਂ ਵੱਖ-ਵੱਖ ਹੋ ਸਕਦਾ ਹੈ।

## ਯੋਗਤਾ ਮਾਪਦੰਡ

iA ਫਾਈਨੈਂਸ਼ੀਅਲ ਗਰੁੱਪ ਡਿਫਾਲਟ ਦੇ ਜੋਖਮ ਨੂੰ ਘੱਟ ਕਰਨ ਲਈ ਉਦਯੋਗ ਦੇ ਮਿਆਰਾਂ ਦੀ ਪਾਲਣਾ ਕਰਦਾ ਹੈ। ਇਨਵੈਸਟਮੈਂਟ ਲੋਨ ਲਈ ਅਪਲਾਈ ਕਰਨ ਲਈ, ਤੁਹਾਨੂੰ ਹੇਠਾਂ ਦਿੱਤੇ ਮਾਪਦੰਡ ਪੂਰੇ ਕਰਨੇ ਚਾਹੀਦੇ ਹਨ।

| ਮਾਪਦੰਡ | ਧਿਆਨ ਵਿੱਚ ਲਏ ਜਾਂਦੇ |
|---|---|
| **ਔਸਤ ਆਮਦਨ ਨਾਲੋਂ ਸਥਿਰ ਅਤੇ ਉੱਚ**<br>- $65,000 ਤੋਂ ਵੱਧ | — ਰੁਜ਼ਗਾਰ ਆਮਦਨ<br>— ਕਿਰਾਏ ਦੀ ਕੁੱਲ ਆਮਦਨ ਦਾ 50%<br>— ਉਧਾਰ ਲੈਣ ਵਾਲੇ ਦੀ ਮਾਲਕੀ ਵਾਲੀ ਕੰਪਨੀ ਤੋਂ ਡਿਵਿਡੈਂਡ ਆਮਦਨ (ਡਿਵਿਡੈਂਡ ਦਾ ਭੁਗਤਾਨ ਕਰਨ ਵਾਲੀ ਕੰਪਨੀ ਦੀ ਵਿੱਤੀ ਸਥਿਤੀ ਦੀ ਪ੍ਰਮਾਣਿਕਤਾ)<br>— ਰਿਟਾਇਰਮੈਂਟ ਆਮਦਨ |
| **ਉੱਚ ਨੈੱਟ ਕੀਮਤ** | — ਨਿਵਾਸ ਅਤੇ ਆਮਦਨੀ ਜਾਇਦਾਦ ਦੀ ਵੈਲਯੂ<br>— ਪੁਸ਼ਟੀ ਕੀਤੀਆਂ ਇਨਵੈਸਟਮੈਂਟਾਂ (ਪਿਛਲੇ 6 ਮਹੀਨਿਆਂ ਲਈ ਅਧਿਕਾਰਤ ਅਤੇ ਸੰਪੂਰਨ ਸਟੇਟਮੈਂਟਾਂ ਦੇ ਆਧਾਰ 'ਤੇ) |
| **ਚੰਗੀਆਂ ਵਿੱਤੀ ਆਦਤਾਂ** | — ਬਹੁਤ ਵਧੀਆ ਤੋਂ ਸ਼ਾਨਦਾਰ ਕ੍ਰੈਡਿਟ ਸਕੋਰ<br>— ਕਈ ਸਾਲਾਂ ਤੋਂ ਇੱਕੋ ਕਿੱਤੇ ਵਿੱਚ<br>— ਵਿੱਤੀ ਸੁਤੰਤਰਤਾ, ਸਥਿਰ ਸਥਿਤੀ, ਵਿੱਤੀ ਸੁਰੱਖਿਆ<br>— ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਦੀ ਇੱਛਾ |
| **ਇਨਵੈਸਟਮੈਂਟਾਂ ਦੀ ਚੰਗੀ ਸਮਝ** | — ਇਨਵੈਸਟਰ ਪ੍ਰੋਫਾਈਲ ਵਿੱਚ "ਇਨਵੈਸਟਮੈਂਟਾਂ ਬਾਰੇ ਜਾਣਕਾਰੀ" ਸਵਾਲ ਲਈ ਘੱਟੋ-ਘੱਟ "ਮੱਧਮ" ਦਾ ਨਤੀਜਾ |
| **ਜੋਖਮ ਸਹਿਣਸ਼ੀਲਤਾ** | — ਇਨਵੈਸਟਰ ਪ੍ਰੋਫਾਈਲ ਵਿੱਚ ਜੋਖਮ ਸਹਿਣਸ਼ੀਲਤਾ ਬਾਰੇ ਸਵਾਲਾਂ ਲਈ ਘੱਟੋ-ਘੱਟ "ਮੱਧਮ" ਦਾ ਨਤੀਜਾ |
| **ਹਰ ਮਹੀਨੇ ਲੋਨ ਲਈ ਭੁਗਤਾਨ ਕਰਨ ਦੀ ਸਮਰੱਥਾ** | — ਟੋਟਲ ਡੈਬਟ ਸਰਵਿਸ ਰੇਸ਼ੋ (TDSR) 35% ਜਾਂ ਇਸ ਤੋਂ ਘੱਟ ਹੋਣਾ ਚਾਹੀਦਾ ਹੈ |

ਨੋਟ ਕਰੋ: ਕੈਨੇਡਾ ਵਿੱਚ ਸਿਰਫ਼ ਸਥਾਈ ਸੋਸ਼ਲ ਇੰਸ਼ੋਰੈਂਸ ਨੰਬਰ ਵਾਲੇ ਵਿਅਕਤੀ ਹੀ ਇਨਵੈਸਟਮੈਂਟ ਲੋਨ ਲਈ ਯੋਗ ਹੁੰਦੇ ਹਨ।

### ਵਿਚਾਰ

- ✓ ਜਦੋਂ ਬਜ਼ਾਰ ਵਿੱਚ ਗਿਰਾਵਟ ਹੁੰਦੀ ਹੈ, ਤਾਂ ਤੁਹਾਡੀਆਂ ਇਨਵੈਸਟਮੈਂਟਾਂ ਦਾ ਬਾਜ਼ਾਰੀ ਮੁੱਲ ਮੁੜ ਭੁਗਤਾਨ ਕੀਤੇ ਜਾਣ ਵਾਲੇ ਕਰਜ਼ੇ ਦੇ ਬਕਾਏ ਤੋਂ ਘੱਟ ਹੋ ਸਕਦਾ ਹੈ
- ✓ ਪ੍ਰਾਈਮ ਰੇਟ ਅਤੇ ਮਹੀਨਾਵਾਰ ਭੁਗਤਾਨ ਸਮੇਂ ਦੇ ਨਾਲ ਬਦਲਦੇ ਹਨ ਅਤੇ ਉਧਾਰ ਲੈਣ ਦੀ ਲਾਗਤ ਵਿੱਚ ਵਾਧਾ ਜਾਂ ਕਮੀ ਲਿਆ ਸਕਦੇ ਹਨ
- ✓ ਤੁਹਾਡੀਆਂ ਹੋਰ ਵਿੱਤੀ ਜ਼ਿੰਮੇਵਾਰੀਆਂ ਨਾਲ ਸਮਝੌਤਾ ਕੀਤੇ ਬਿਨਾਂ, ਕਰਜ਼ੇ ਨਾਲ ਜੁੜੇ ਵਿਆਜ ਦਾ ਭੁਗਤਾਨ ਕਰਨ ਲਈ ਲੋੜੀਂਦੀ ਆਮਦਨ ਦੀ ਉਪਲਬਧਤਾ

## ਮੁੜਭੁਗਤਾਨ ਦੇ ਵਿਕਲਪ*

ਲੋਨ 'ਤੇ ਲੋੜੀਂਦੇ ਭੁਗਤਾਨਾਂ ਨੂੰ ਹੇਠਾਂ ਦਿੱਤੇ ਦੋ ਮੁੜਭੁਗਤਾਨ ਵਿਕਲਪਾਂ ਵਿੱਚੋਂ ਇੱਕ ਦੀ ਵਰਤੋਂ ਕਰਕੇ ਮਹੀਨਾਵਾਰ PAD (ਪ੍ਰੀ-ਅਥੋਰਾਈਜ਼ਡ ਡੈਬਿਟ) ਦੁਆਰਾ ਕੀਤਾ ਜਾਣਾ ਚਾਹੀਦਾ ਹੈ:

**ਸਿਰਫ਼ ਵਿਆਜ**

PAD ਟ੍ਰਾਂਸਫਰ ਵਿਆਜ ਦਰ ਦੇ ਆਧਾਰ 'ਤੇ ਵੱਖ-ਵੱਖ ਹੁੰਦੇ ਹਨ ਅਤੇ ਪਿਛਲੇ ਮਹੀਨੇ ਲਈ ਕਰਜ਼ੇ 'ਤੇ ਇਕੱਠੇ ਕੀਤੇ ਵਿਆਜ ਦੇ ਮੁਤਾਬਕ ਹੁੰਦੇ ਹਨ।

**ਪ੍ਰਿੰਸੀਪਲ ਪਲੱਸ ਵਿਆਜ**

PAD ਟ੍ਰਾਂਸਫਰਾਂ ਵਿੱਚ ਮੂਲ ਅਤੇ ਵਿਆਜ ਦੋਵਾਂ ਦੀ ਮੁੜ ਅਦਾਇਗੀ ਸ਼ਾਮਲ ਹੁੰਦੀ ਹੈ ਅਤੇ ਪ੍ਰਭਾਵੀ ਵਿਆਜ ਦਰਾਂ ਦੇ ਆਧਾਰ 'ਤੇ ਵੱਖ-ਵੱਖ ਹੁੰਦੀ ਹੈ ਅਤੇ ਚੁਣੀ ਗਈ ਅਮੋਰਟਾਈਜ਼ੇਸ਼ਨ ਮਿਆਦ (5 ਤੋਂ 20 ਸਾਲ)।

* ਤੁਸੀਂ ਕਿਸੇ ਵੀ ਸਮੇਂ ਬਿਨਾਂ ਜੁਰਮਾਨੇ ਦੇ ਆਪਣੇ ਲੋਨ ਦਾ ਸਾਰਾ ਜਾਂ ਕੁਝ ਹਿੱਸਾ ਵਾਪਸ ਕਰ ਸਕਦੇ ਹੋ।

## iA **ਫਾਈਨੈਂਸ਼ੀਅਲ ਗਰੁੱਪ ਦੀ ਚੋਣ ਕਿਉਂ ਕਰੀਏ?**

### 2016 **ਤੋਂ ਕੈਨੇਡਾ ਵਿੱਚ ਸੈਗਰੇਗੇਟਡ ਫੰਡਾਂ ਦੀ ਕੁੱਲ ਵਿਕਰੀ ਅਤੇ ਇੱਕ ਪ੍ਰਤੀਯੋਗੀ ਸਮੁੱਚੀ ਪੇਸ਼ਕਸ਼ ਵਿੱਚ ਨੰਬਰ 1:**

**ਮੁਹਾਰਤ:** ਅੰਤਰਰਾਸ਼ਟਰੀ ਪੱਧਰ 'ਤੇ ਮੰਨੇ-ਪ੍ਰਮੰਨੇ ਬਾਹਰੀ ਪ੍ਰਬੰਧਕਾਂ ਅਤੇ ਫਰਮਾਂ ਵੱਲੋਂ ਪ੍ਰਬੰਧਿਤ ਫੰਡਾਂ ਦੀ ਇੱਕ ਵਿਸ਼ਾਲ ਚੋਣ, ਸਾਡੀ ਅੰਦਰੂਨੀ ਇਨਵੈਸਟਮੈਂਟ ਪ੍ਰਬੰਧਨ ਟੀਮ (iAGAM) ਦੀ ਡੂੰਘਾਈ ਨਾਲ ਮੁਹਾਰਤ ਨਾਲ ਜੋੜੀ ਗਈ

**ਵੈਰਾਇਟੀ:** ਹਰ ਕਿਸਮ ਦੇ ਇਨਵੈਸਟਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੂਰਕ ਇਨਵੈਸਟਮੈਂਟ ਉਤਪਾਦ

**ਇਨਵੈਸਟਮੈਂਟ ਦੀਆਂ ਗਰੰਟੀਆਂ:** ਸਾਡੇ ਸਾਰੇ ਉਤਪਾਦ ਗਾਰੰਟੀਆਂ ਦੇ ਨਾਲ ਆਉਂਦੇ ਹਨ

### ਇਹ ਇੱਕ ਮਹੱਤਵਪੂਰਨ ਫਾਇਦਾ ਹੈ!



### ਇਨਵੈਸਟਮੈਂਟ ਲੋਨ

ਇਨਵੈਸਟਮੈਂਟ ਲੋਨ ਬਾਰੇ ਵਧੇਰੇ ਜਾਣਕਾਰੀ ਲਈ, ਅੱਜ ਹੀ ਕਿਸੇ iA ਫਾਈਨੈਂਸ਼ੀਅਲ ਗਰੁੱਪ ਦੇ ਵਿੱਤੀ ਸਲਾਹਕਾਰ ਨਾਲ ਗੱਲ ਕਰੋ।

F13-618P(23-05) ACC

**INVESTED IN YOU.**

iA ਫਾਈਨੈਂਸ਼ੀਅਲ ਗਰੁੱਪ **ਇੰਡਸਟਰੀਅਲ ਅਲਾਇੰਸ ਇੰਸ਼ੋਰੈਂਸ ਐਂਡ ਫਾਈਨੈਂਸ਼ੀਅਲ ਸਰਵਿਸਿਜ਼ ਇੰਕ.** ਦਾ ਵਪਾਰਕ ਨਾਮ ਅਤੇ ਟ੍ਰੇਡਮਾਰਕ ਹੈ।

1-844-442-4636

**ia.ca**